# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਸ.ਅ.ਸ. ਨਗਰ
## (ਸੈਕੰਡਰੀ ਸਿੱਖਿਆ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ),
ਸਮੂਹ ਸਕੂਲ ਮੁੱਖੀ/ਅਧਿਆਪਕ (ਵੈਬਸਾਇਟ ਰਾਹੀਂ),
ਪੰਜਾਬ।

ਮੀਮੋ ਨੰ: 15/1-18 ਸੈ.ਸਿ (2)

ਮਿਤੀ, ਸ.ਅ.ਸ. ਨਗਰ: 11-07-2018

ਵਿਸ਼ਾ:- ਅਧਿਆਪਕ ਸਟੇਟ ਅਵਾਰਡ-2018 ਲਈ ਆਨਲਾਈਨ ਵੈਬਸਾਇਟ e-punjabschool.gov.in ਤੇ ਮਿਤੀ 11.07.2018 ਤੋਂ 21.07.2018 ਤੱਕ ਨਾਮੀਨੇਸ਼ਨ ਕਰਨ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਸਰਕਾਰ, ਸਿੱਖਿਆ ਵਿਭਾਗ ਵਲੋਂ ਇਸ ਵਾਰ ਅਧਿਆਪਕ ਸਟੇਟ ਅਵਾਰਡ ਲਈ ਆਨਲਾਈਨ ਨਾਮੀਨੇਸ਼ਨ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

**Nomination For the Award**:- ਅਧਿਆਪਕ ਸਟੇਟ ਅਵਾਰਡ ਲਈ ਆਨਲਾਈਨ ਨਾਮੀਨੇਸ਼ਨ ਵੈਬਸਾਇਟ e-punjabschool.gov.in ਤੇ ਮਿਤੀ 11.07.2018 ਤੋਂ 21.07.2018 ਤੱਕ ਕਰਨੀ ਜਰੂਰੀ ਹੈ।ਪੋਰਟਲ ਤੇ ਹਰ ਸਟਾਫ ਦਾ ਵੱਖਰਾ ਆਈ.ਡੀ ਪਹਿਲਾਂ ਹੀ ਸਾਰੇ ਅਧਿਆਪਕਾਂ/ਸਕੂਲ ਮੁੱਖੀਆਂ ਨੂੰ ਮਿਲਿਆ ਹੋਇਆ ਹੈ ਉਸ ਦੇ ਰਾਹੀਂ ਲਾਗ ਇਨ ਕਰਕੇ ਕਿਸੇ ਵੀ ਅਧਿਆਪਕ/ਸਕੂਲ ਮੁੱਖੀ ਦੀ ਨਾਮੀਨੇਸ਼ਨ ਕੀਤੀ ਜਾ ਸਕਦੀ ਹੈ। ਇਸ ਵਾਰ ਸਰਕਾਰ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਕੋਈ ਵੀ ਅਧਿਆਪਕ/ਸਕੂਲ ਮੁੱਖੀ ਖੁਦ ਸਟੇਟ ਅਵਾਰਡ ਲਈ ਅਪਲਾਈ ਨਹੀਂ ਕਰ ਸਕਦਾ। ਕਿਸੇ ਵੀ ਅਧਿਆਪਕ/ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਕੋਈ ਵੀ ਦੂਸਰਾ ਅਧਿਆਪਕ/ ਸਕੂਲ ਮੁੱਖੀ/ ਇੰਚਾਰਜ ਕਰ ਸਕਦਾ ਹੈ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀ ਡੀ.ਈ.ਓ/ ਸਹਾਇਕ ਡਾਇਰੈਕਟਰ/ ਡਿਪਟੀ ਡਾਇਰੈਕਟਰ/ ਡਾਇਰੈਕਟਰ/ਡਾਇਰੈਕਟਰ ਜਨਰਲ ਸਕੂਲ ਸਿੱਖਿਆ/ ਸਿੱਖਿਆ ਸਕੱਤਰ ਜੀ ਵਲੋਂ ਵੀ ਕਿਸੇ ਅਧਿਆਪਕ/ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਕੀਤੀ ਜਾ ਸਕਦੀ ਹੈ। ਜਿਲ੍ਹਾ ਪ੍ਰਸ਼ਾਸਨਿਕ ਅਫਸਰ ਜਿਵੇਂ ਡਿਪਟੀ ਕਮਿਸ਼ਨਰ, ਏ.ਡੀ.ਸੀ ਅਤੇ ਐਸ.ਡੀ.ਐਮ ਵੱਲੋਂ ਵੀ ਕਿਸੇ ਅਧਿਆਪਕ/ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਕੀਤੀ ਜਾ ਸਕਦੀ ਹੈ ਜੋ ਕਿ ਆਪਣੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਨੋਮੀਨੇਸ੍ਹਨਜ ਕਰਵਾ ਸਕਦੇ ਹਨ। ਇਸ ਸਬੰਧੀ ਜ਼ੋ ਵੀ ਅਧਿਆਪਕ/ਸਕੂਲ ਮੁੱਖੀ/ ਉਕਤ ਉੱਚ ਅਧਿਕਾਰੀ, ਜਿਸ ਅਧਿਆਪਕ/ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਕਰਨਗੇ ਉਹ ਉਸ ਅਧਿਆਪਕ/ਸਕੂਲ ਮੁੱਖੀ ਬਾਰੇ ਸਿਰਫ ਆਪਣੇ ਹੱਥ ਲਿਖਤ ਵਿੱਚ ਘੱਟੋ ਘੱਟ 250 ਸ਼ਬਦਾ ਵਿੱਚ ਲਿਖਣਗੇ ਕਿ ਉਹ ਉਸ ਅਧਿਆਪਕ/ਸਕੂਲ ਮੁੱਖੀ ਦੀ ਨਾਮੀਨੇਸ਼ਨ ਕਿਉਂ ਕਰਨਾ ਚਾਹੁੰਦੇ ਹਨ ਅਤੇ ਉਪਰੋਕਤ ਵੈਬਸਾਇਟ ਵਿੱਚ ਹੱਥ ਲਿਖਤ ਨੂੰ ਅਪਲੋਡ ਵੀ ਕਰਨਗੇ।

**Eligibility-** ਸਾਰੇ ਸਕੂਲ ਮੁੱਖੀ/ਇੰਚਾਰਜ ਅਤੇ ਅਧਿਆਪਕ, ਜਿੰਨਾਂ ਦੀ ਰੈਗੂਲਰ ਤੌਰ ਤੇ ਸਰਵਿਸ ਅਪਲਾਈ ਕਰਨ ਦੀ ਮਿਤੀ ਤੱਕ ਘੱਟੋ- ਘੱਟ 10 ਸਾਲ ਪੂਰੀ ਹੋ ਚੁੱਕੀ ਹੈ ਉਹਨਾਂ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਜੋ ਅਧਿਆਪਕ ਸੋਸਾਇਟੀਜ ਜਿਵੇਂ SSA, RMSA, PICTES ਅਧੀਨ ਕੰਮ ਕਰ ਰਹੇ ਹਨ ਉਹਨਾਂ ਦੀ ਨਾਮੀਨੇਸ਼ਨ ਵੀ ਕੀਤੀ ਜਾ ਸਕਦੀ ਹੈ, ਜੇਕਰ ਉਹ ਉਪਰੋਕਤ 10 ਸਾਲ ਦੀ **ਰੈਗੂਲਰ ਸਰਵਿਸ** ਦੀ ਸ਼ਰਤ ਪੂਰੀ ਕਰਦੇ ਹੋਣਗੇ।

**Processing of the Nomination:-** ਵੈੱਬ ਪੋਰਟਲ ਰਾਹੀਂ ਪ੍ਰਾਪਤ ਕੀਤੀਆਂ ਸਾਰੀਆਂ ਨਾਮੀਨੇਸ਼ਨਜ਼ ਨੂੰ ਹੈਡਕੁਆਟਰ ਤੇ ਬਣਾਈ ਗਈ ਕਮੇਟੀ ਵਲੋਂ Scrutinized ਕੀਤਾ ਜਾਵੇਗਾ ਅਤੇ ਉਹਨਾਂ ਦੀ ਫਿਜੀਕਲ ਵੈਰੀਫਿਕੇਸ਼ਨ ਕੀਤੀ ਜਾਵੇਗੀ। ਇਹ ਕਮੇਟੀ ਸਾਰੀਆਂ ਨਾਮੀਨੇਸ਼ਨਜ਼ ਨੂੰ ਜਿਲ੍ਹਾ ਵਾਈਜ ਅਲੱਗ-ਅਲੱਗ ਕਰਕੇ ਪਾਲਿਸੀ ਦੀਆਂ ਸ਼ਰਤਾਂ ਅਨੁਸਾਰ ਸ਼ਾਰਟ ਲਿਸਟ ਕਰੇਗੀ ਅਤੇ ਜਿਲ੍ਹਾ ਵਾਰ ਸ਼ਾਰਟ ਲਿਸਟ ਕੀਤੀਆਂ ਨੋਮੀਨੇਸੁਨਜ਼ ਸਬੰਧਤ ਡੀ.ਈ.ਓ. ਨੂੰ ਭੇਜੀਆਂ ਜਾਣਗੀਆਂ। ਡੀ.ਈ.ਓ. ਵੱਲੋਂ ਦੁਬਾਰਾ ਇਹਨਾਂ ਨੋਮੀਨੇਸੁਨਜ਼ ਦਾ ਮੁਲਅੰਕਣ ਕੀਤਾ ਜਾਵੇਗਾ ਅਤੇ ਜੇਕਰ ਡੀ.ਈ.ਓ. ਨੂੰ ਲਗਦਾ ਹੈ ਕਿ ਕਿਸੇ ਵੀ deserving ਮਿਹਨਤੀ ਅਧਿਆਪਕ/ਸਕੂਲ ਮੁੱਖੀ ਦੀ ਸਟੇਟ ਅਵਾਰਡ ਲਈ ਨਾਮੀਨੇਸ਼ਨ ਰਹਿ ਗਈ ਹੈ ਤਾਂ ਉਹ ਸ਼ਾਰਟ ਲਿਸਟ ਕੀਤੀਆਂ ਨਾਮੀਨੇਸ਼ਨਜ਼ ਦਾ 10 ਪ੍ਰਤੀਸ਼ਤ ਹੋਰ ਅਧਿਆਪਕ/ਸਕੂਲ ਮੁੱਖੀਆਂ ਦੀ ਨਾਮੀਨੇਸ਼ਨ ਖੁਦ ਕਰ ਸਕਦੇ ਹਨ। ਡੀ.ਈ.ਓ. ਵਲੋਂ ਵੀ ਨਾਮੀਨੇਟ ਕੀਤੇ ਅਧਿਆਪਕ/ਸਕੂਲ ਮੁੱਖੀਆਂ ਲਈ ਸਿਰਫ ਆਪਣੇ ਹੱਥ ਲਿਖਤ ਵਿੱਚ 250 ਸ਼ਬਦਾਂ ਵਿੱਚ ਲਿਖਣਾ ਜਰੂਰੀ ਹੈ ਅਤੇ ਉਹਨਾਂ ਨੂੰ ਵੈਬ ਪੋਰਟਲ ਤੇ ਅਪਲੋਡ ਕਰਨ ਦੀ ਜਿੰਮੇਵਾਰੀ ਵੀ ਸਬੰਧਤ ਡੀ.ਈ.ਓ. ਦੀ ਹੋਵੇਗੀ।

**Screening Criteria**:- ਹੈਡਕੁਆਟਰ ਤੇ ਬਣਾਈ ਕਮੇਟੀ ਅਤੇ ਡੀ.ਈ.ਓ ਵਲੋਂ ਸ਼ਾਰਟ ਲਿਸਟ ਕੀਤੇ ਅਧਿਆਪਕਾਂ/ਸਕੂਲ ਮੁੱਖੀਆਂ ਦੀਆਂ ਨਾਮੀਨੇਸ਼ਨਜ਼ ਸਬੰਧੀ Screening ਕੀਤੀ ਜਾਵੇਗੀ ਉਹਨਾਂ ਦੇ ਵਿਰੁੱਧ ਕਿਸੇ ਤਰ੍ਹਾਂ ਦੀ ਕੋਈ ਚਾਰਜਸ਼ੀਟ (ਰੂਲ 8 ਅਧੀਨ), Sexual Exploitation/ Harassment ਦਾ ਕੋਈ ਕੇਸ ਪੈਂਡਿੰਗ ਨਹੀਂ ਹੈ।

**District wise Quota for Awards:-** ਇਸ ਵਾਰ ਅਧਿਆਪਕ ਸਟੇਟ ਅਵਾਰਡ ਲਈ ਜਿਲ੍ਹਾ ਵਾਰ ਕੋਟਾ ਉਸ ਜਿਲ੍ਹੇ ਦੀ ਜਨਸੰਖਿਆ ਦੇ ਹਿਸਾਬ ਨਾਲ ਦਿੱਤਾ ਜਾਵੇਗਾ।

**Important Dates:-** Dates for nomination: July 11, 2018 to July 21, 2018

District-wise sorting/ short listing of nominations at the HQ and physical verification at the district level from July 22, 2018 to August 01, 2018.

Scrutinization of nominations and new Nominations by DEOs: August 2, 2018 to August 7, 2018

Presentation by the shortlisted nominees before the Jury & physical verification of the shortlisted nominees from August 10, 2018 to August 20, 2018

Finalization of list of Awardees: August 21, 2018

ਸਾਰੇ ਜਿਲਿਆਂ ਵਲੋ ਸ਼ਾਰਟ ਲਿਸਟਡ ਅਤੇ ਰਿਕਮੈਂਡ ਕੀਤੇ ਅਧਿਆਪਕਾਂ/ਸਕੂਲ ਮੁੱਖੀਆਂ ਨੂੰ ਫਾਈਨਲ ਸਲੈਕਸ਼ਨ ਤੋ ਪਹਿਲਾਂ ਸਟੇਟ ਲੈਵਲ ਦੀ ਜਿਊਰੀ ਅੱਗੇ ਪਰਜੈਨਟੇਸ਼ਨ ਦੇਣੀ ਪਵੇਗੀ ।

ਉਪਰੋਕਤ ਕਮੇਟੀ ਵਲੋਂ ਨਾਮੀਨੀਜ਼ ਦੀ ਫਿਜੀਕਲ ਵੈਰੀਫਿਕੇਸ਼ਨ ਵੀ ਕੀਤੀ ਜਾਵੇਗੀ ਅਤੇ ਜਿਊਰੀ ਵਲੋਂ ਸਲੈਕਟ ਕੀਤੇ ਅਧਿਆਪਕਾਂ/ਸਕੂਲ ਮੁੱਖੀਆਂ ਨੂੰ ਸਿੱਖਿਆ ਵਿਭਾਗ ਵੱਲੋਂ ਅਧਿਆਪਕ ਦਿਵਸ (5 ਸਤੰਬਰ 2018) ਦੇ ਮੌਕੇ ਤੇ ਸਟੇਟ ਅਵਾਰਡ ਦਿੱਤਾ ਜਾਵੇਗਾ।

ਸਕੱਤਰ, ਸਕੂਲ ਸਿੱਖਿਆ, ਪੰਜਾਬ